# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ।

**3rd Floor Mini Secretariat Bathinda**

bti.deosebathinda@punjabeducation.gov.in


ਵੱਲ:- ਸਮੂਹ ਅਧਿਆਪਕ ਸਾਹਿਬਾਨ
ਸੀਨੀਅਰ ਸੈਕੰਡਰੀ/ਹਾਈ/ਮਿਡਲ ਸਕੂਲ
ਜਿਲ੍ਹਾ ਬਠਿੰਡਾ ।

ਪੱਤਰ ਨੰਬਰ:- 41/[illegible]    ਮਿਤੀ :- 30/06/2026

ਵਿਸ਼ਾ:- ਵਿਦਿਆਰਥੀਆਂ ਦੇ ਸਰਵ-ਪੱਖੀ ਵਿਕਾਸ ਲਈ ਸਕਾਰਾਤਮਕ ਪਹੁੰਚ ਅਪਨਾਉਣ ਸਬੰਧੀ ।

ਸਮੂਹ ਅਧਿਆਪਕਾਂ ਨੂੰ ਚੇਤਨ ਕੀਤਾ ਜਾਂਦਾ ਹੈ ਕਿ ਅਧਿਆਪਕ ਜੋ ਕਿ ਖੁਦ ਗਿਆਨ ਦੀ ਇੱਕ ਜੋਤ ਜਗਾ ਹੁੰਦਾ ਹੈ ਅਤੇ ਇਸ ਜੋਤ ਨਾਲ ਉਸਦੇ ਖੁਦ ਅੰਦਰ ਗਿਆਨ ਦਾ ਬਹੁਤ ਵੱਡਾ ਵਿਸਤਾਰ ਹੁੰਦਾ ਹੈ। ਸਮੂਹ ਅਧਿਆਪਕਾਂ ਨਿਮਰਤਾ ਸਹਿਤ ਲਿਖਿਆ ਜਾਂਦਾ ਹੈ ਕਿ ਆਪਾਂ ਗਿਆਨ ਦੇ ਅਜਿਹੇ ਚਾਨਣ ਮੁਨਾਰੇ ਬਣੀਏ ਜੋ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਹਰ ਪਲ ਚਾਨਣ ਵੰਡਦੇ ਰਹਿਣ। ਅਸੀਮ, ਸੌੜੀ ਸੋਚ ਅਤੇ ਬੁਰਾਈਆਂ ਤੋਂ ਉੱਪਰ ਉੱਠ ਕਰਕੇ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਦਈਏ ਤਾਂ ਜੋ ਉਹ ਇੱਕ ਚੰਗੇ ਨਾਗਰਿਕ ਬਣ ਸਕਣ। ਵਿਦਿਆਰਥੀ ਵਿਸ਼ਿਆਂ ਦੇ ਸਿਲੇਬਸ ਦੇ ਨਾਲ-ਨਾਲ ਨੈਤਿਕ ਕਦਰਾਂ ਕੀਮਤਾਂ ਅਧਿਆਪਕ ਦੇ ਆਪਣੇ ਚਰਿੱਤਰ ਤੋਂ ਸਿੱਖਦੇ ਹਨ,ਅਧਿਆਪਕਾਂ ਨੂੰ ਹਰ ਰੋਜ਼ ਵੇਖਦੇ ਹੋਏ ਉਹਨਾਂ ਦਾ ਅਨੁਸਰਨ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਉਹਨਾਂ ਵਰਗੇ ਹੀ ਬਣਨਾ ਚਾਹੁੰਦੇ ਹਨ। ਇਸ ਲਈ ਆਪਾਂ ਸਾਰੇ ਰਲ ਕੇ ਸਮਾਜ ਵਿੱਚ ਅਧਿਆਪਕ ਦੇ ਅਕਸ ਨੂੰ ਪਾਕ ਅਤੇ ਪਵਿੱਤਰ ਬਣਾਈਏ ਅਤੇ ਇਕ ਦੂਸਰੇ ਦੇ ਨਾਲ ਰਲ ਕੇ ਈਰਖਾ ਦੀ ਭਾਵਨਾ ਤੋਂ ਉੱਪਰ ਉੱਠ ਕੇ ਸਮਾਜ ਦੇ ਵਿੱਚ,ਵਿਦਿਆਰਥੀਆਂ ਦੇ ਵਿੱਚ ਇਕ ਪਰਮ ਜੋਤ ਜਗਾਈਏ।ਆਪਣੇ ਅੰਦਰ ਪਰਮਾਤਮਾ ਦੇ ਬਖਸ਼ੇ ਹੋਏ ਜਿਹੜੇ ਚੰਗੇ ਗੁਣ ਹਨ ਉਹਨਾਂ ਨੂੰ ਵਿਦਿਆਰਥੀਆਂ ਦੇ ਅੱਗੇ ਲੈ ਕੇ ਜਾਈਏ ਤਾਂ ਕਿ ਉਹ ਵੀ ਉਹਨਾਂ ਆਪਣੇ ਵਰਗੇ ਬਣਨ ਦੀ ਕੋਸ਼ਿਸ਼ ਕਰਨ।ਅਧਿਆਪਕ ਦੇ ਗੁਣ ਗ੍ਰਹਿਣ ਕਰਕੇ ਇੱਕ ਨਵੇਕਲੀ ਤਸਵੀਰ ਪੇਸ਼ ਕਰਨ। ਵਿਦਿਆਰਥੀਆਂ ਨੂੰ ਤਰੱਕੀਆਂ ਦੇ ਰਾਹਾਂ ਤੇ ਅੱਗੇ ਵਧਾਉਣ ਲਈ ਹਰ ਸੰਭਵ ਯਤਨ ਕਰੀਏ ਅਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਮੈਰਿਟ ਪੁਜ਼ੀਸ਼ਨਾਂ ਪ੍ਰਾਪਤ ਕਰਨ ਲਈ ਪ੍ਰੇਰੀਏ । ਸਮਾਜ ਦੇ ਵਿੱਚ ਇੱਕ ਸਕਾਰਾਤਮਕ ਸੋਚ ਪੈਦਾ ਕਰੀਏ ਤਾਂ ਕਿ ਸਮਾਜ ਦੇ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਵਿੱਚ ਏਕਾ ਪੈਦਾ ਹੋਵੇ ਜੋ ਸਾਡੇ ਸਮਾਜ ਦੇ ਲਈ ਲਾਹੇਵੰਦ ਹੋਵੇ। ਛੋਟੇ ਤੋਂ ਛੋਟੇ ਕੰਮ ਨੂੰ ਆਪਣਾ ਫਰਜ਼ ਸਮਝਦੇ ਹੋਏ ਆਪਣੇ-ਆਪਣੇ ਸਕੂਲ ਨੂੰ ਇੱਕ ਚੰਗੀ ਅਤੇ ਵਧੀਆ ਸੰਸਥਾ ਬਣਾਈਏ ਜਿੱਥੇ ਵਿਦਿਆਰਥੀਆਂ ਦਾ ਆਪਣੇ ਆਪ ਹੀ ਪੜ੍ਹਾਈ ਦਾ ਮਨ ਕਰੇ ਤੇ ਬੱਚਾ ਸਕੂਲ ਨੂੰ ਖਿੱਚਿਆ ਚਲਿਆ ਆਵੇ। ਵਿਦਿਆਰਥੀਆਂ ਅੰਦਰ ਸਕੂਲ ਪ੍ਰਤੀ ਏਨਾ ਕੁ ਪਿਆਰ ਪੈਦਾ ਕਰ ਦੇਈਏ ਕਿ ਬੱਚਿਆਂ ਨੂੰ ਕਹਿਣਾ ਹੀ ਨਾ ਪਵੇ ਕਿ ਸਕੂਲ ਆਓ।ਉਹ ਭੱਜ ਕੇ ਸਕੂਲ ਦੇ ਵਿੱਚ ਆਉਣ ਤੇ ਗੈਰ ਹਾਜ਼ਰੀ ਦੀ ਜਿਹੜੀ ਲੜੀ ਹੈ ਉਹ ਆਪ ਮੁਹਾਰੇ ਟੁੱਟ ਜਾਵੇ। ਇਸ ਉਪਰੰਤ ਵੱਧ ਤੋਂ ਵੱਧ ਦਾਖਲੇ ਸਕੂਲ ਵਿੱਚ ਮੈਰਿਟ ਨੂੰ ਦੇਖਦੇ ਹੋਏ ਆਪਣੇ ਆਪ ਹੀ ਖਿੱਚੇ ਤੁਰੇ ਆਉਣਗੇ। ਅਧਿਆਪਕਾਂ ਦੀ ਸਖਸ਼ੀਅਤ ਦਾ ਵਧੀਆ ਪੱਖ ਵਿਦਿਆਰਥੀਆਂ ਦੇ ਸਾਹਮਣੇ ਰੱਖੀਏ ਤਾਂ ਜੋ ਉਹਨਾਂ ਦਾ ਅਨੁਸਰਨ ਕਰਦੇ ਹੋਏ ਇੱਕ ਆਦਰਸ਼ ਨਾਗਰਿਕ ਬਣ ਕੇ ਸਮਾਜ ਵਿੱਚ ਵਿਚਰਨ ।

ਤੁਹਾਡੇ ਸਕਾਰਾਤਮਕ ਹੁੰਗਾਰੇ ਦੀ ਆਸ ਵਿੱਚ.........

30/06/26

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਬਠਿੰਡਾ